# B.A Part-I
# ਬੀ. ਏ. ਭਾਗ ਪਹਿਲਾ

**ਵਿਸ਼ਾ : ਪੰਜਾਬੀ (ਕੰਪਲਸਰੀ)**

**ਕੁਲ ਨੰਬਰ :100**
**(ਪੇਪਰ : 80 ਅਤੇ ਇੰਟਰਨਲ ਅਸੈਸਮੈਂਟ : 20)**
**ਸਮਾਂ: 3ਘੰਟੇ**

**ਸਲੇਬਸ ਦੀ ਰੂਪ ਰੇਖਾ**

| | |
|---|---|
| 1. **ਆਧੁਨਿਕ ਪੰਜਾਬੀ ਕਵਿ-ਸੰਗ੍ਰਹਿ** | 20 ਨੰਬਰ |
| 2. **ਚੋਣਵਾਂ ਪੰਜਾਬੀ ਕਹਾਣੀ ਸੰਗ੍ਰਹਿ** | 20 ਨੰਬਰ |
| 3 . **ਵਿਆਕਰਣ** (ਮੁਹਾਵਰੇ, ਅਖਾਣ,ਸੁਧ-ਅਸੁਧ,ਸੁਧ ਵਾਕ, ਸ਼ਬਦ ਜੋੜੇ ਅਤੇ ਬਹੁਤੇ ਸ਼ਬਦਾਂ ਲਈ ਇਕ ਸ਼ਬਦ) | 30 ਨੰਬਰ |
| 4. **ਦਫ਼ਤਰੀ ਚਿੱਠੀ ਲੇਖਣ ਅਤੇ ਨਿੱਜੀ ਚਿੱਠੀ ਲੇਖਣ** | 10 ਨੰਬਰ |

**<u>ਸਲੇਬਸ ਵਿਚ ਲੱਗੀਆਂ ਪੁਸਤਕਾਂ</u>**

1. **ਕਾਵਿ ਨਾਦ**, ਸ. ਸ. ਅਰਸ਼ੀ ਅਤੇ ਰਮੇਸ਼ ਕੁਮਾਰ (ਸੰਪਾ.),ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, 1987.
(ਕੇਵਲ ਇਹ ਕਵੀ ਹੀ ਪੜ੍ਹੇ ਜਾਣਗੇ : ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਡਾ. ਹਰਿਭਜਨ ਸਿੰਘ, ਸਿਵ ਕੁਮਾਰ ਅਤੇ ਅਵਤਾਰ ਸਿੰਘ ਪਾਸ਼)

2. **ਕਥਾ-ਸੰਸਾਰ,** ਰਾਜਿੰਦਰ ਸਿੰਘ ਭੱਟੀ ਅਤੇ ਨਰਿੰਦਰ ਸਿੰਘ ਵਿਰਕ (ਸੰਪਾ.),ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ।
(ਨਾਨਕ ਸਿੰਘ, ਗੁਰਬਖਸ਼ ਸਿੰਘ, ਸੰਤ ਸਿੰਘ ਸੇਖੋਂ,ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਰਘਬੀਰ ਢੰਡ ਅਤੇ ਅਜੀਤ ਕੌਰ )

**ਜ਼ਰੂਰੀ ਨਿਰਦੇਸ਼ :**

1. **ਕਾਵਿ ਨਾਦਿ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਸਲੇਬਸ ਵਿਚ ਲੱਗੇ ਕਵੀਆਂ ਦੇ ਜੀਵਨ, ਰਚਨਾ, ਰਚਨਾ-ਦ੍ਰਿਸ਼ਟੀ ਅਤੇ ਪੰਜਾਬੀ ਕਵਿਤਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 300-350 ਸ਼ਬਦਾਂ ਵਿਚ ਦੇ ਸਕੇ। ਇਹ ਸਵਾਲ 10 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਪ੍ਰਸੰਗ ਸਹਿਤ ਵਿਆਖਿਆ ਦਾ ਹੋਵੇਗਾ। ਚਾਰ ਪੈਰ੍ਹੇ ਪ੍ਰਸੰਗ ਸਹਿਤ ਵਿਆਖਿਆ ਲਈ ਦਿੱਤੇ ਜਾਣਗੇ ਅਤੇ ਵਿਦਿਆਰਥੀ ਨੂੰ ਇਨ੍ਹਾਂ ਵਿਚੋਂ ਕੋਈ ਦੋ ਕਰਨੇ ਹੋਣਗੇ। ਇਹ ਸਵਾਲ 10 (5+5) ਨੰਬਰ ਦਾ ਹੋਵੇਗਾ।

2. **ਕਥਾ-ਸੰਸਾਰ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਕਹਾਣੀਕਾਰਾਂ ਦੇ ਜੀਵਨ, ਰਚਨਾ, ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਕਹਾਣੀ ਪਰੰਪਰਾ ਵਿਚ ਬਣਦੇ ਸਥਾਨ ਨਾਲ ਸੰਬੰਧਿਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 200-250 ਸ਼ਬਦਾਂ ਵਿਚ ਦੇ ਸਕੇ। ਇਹ

ਸਵਾਲ 5 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਸਲੇਬਸ ਵਿਚ ਲੱਗੀਆਂ ਕਹਾਣੀਆਂ ਦੇ ਵਿਸ਼ੇ- ਵਸਤੂ, ਸਾਰ, ਪਾਤਰ ਚਿੱਤਰਣ, ਸਾਹਿਤਕ ਮੁੱਲਾਂਕਣ ਜਾਂ ਅਜਿਹਾ ਸਵਾਲ ਪੁੱਛਿਆ ਜਾ ਸਕਦਾ ਹੈ ਜੋ ਸਲੇਬਸ ਵਿਚ ਲੱਗੀ ਕਹਾਣੀ ਦੇ ਮੁੱਲ ਨੂੰ ਪ੍ਰਗਟ ਕਰਦਾ ਹੋਵੇ। ਅੰਦਰੂਨੀ ਛੂਟ ਨਾਲ ਸਵਾਲ ਪੁੱਛਿਆ ਜਾਵੇਗਾ। ਇਹ ਸਵਾਲ 15 ਨੰਬਰ ਦਾ ਹੋਵੇਗਾ।

3. **ਦਫ਼ਤਰੀ ਕਾਰਵਾਈ ਅਤੇ ਨਿੱਜੀ-ਚਿੱਠੀ ਪੱਤਰ** ਨਾਲ ਸਬੰਧਤ ਦੋ ਚਿੱਠੀ-ਪੱਤਰ ਦਿੱਤੇ ਜਾਣਗੇ ਅਤੇ ਵਿਦਿਆਰਥੀ ਨੂੰ ਇਨ੍ਹਾਂ ਵਿਚੋਂ ਕੋਈ ਇਕ ਪੱਤਰ ਲਿਖਣਾ ਹੋਵੇਗਾ। ਇਹ ਪ੍ਰਸ਼ਨ 10 ਨੰਬਰ ਦਾ ਹੈ।

4. **ਵਿਆਕਰਣ** ਵਾਲ਼ੇ ਪ੍ਰਸ਼ਨ ਵਿਚ ਮੁਹਾਵਰੇ, ਅਖਾਣ, ਸ਼ੁਧ-ਅਸ਼ੁਧ, ਸ਼ੁਧ-ਵਾਕ, ਸ਼ਬਦ ਜੋੜੇ ਅਤੇ ਬਹੁਤੇ ਸ਼ਬਦਾਂ ਲਈ ਇਕ ਸ਼ਬਦ ਇਹ ਸਾਰੇ 30 ਨੰਬਰਾਂ ਦੇ ਪੁੱਛੇ ਜਾਣਗੇ। ਸਾਰੇ ਹੀ ਕਰਨੇ ਹੋਣਗੇ।

-----

# B.A Part-II
# ਬੀ. ਏ. ਭਾਗ ਦੂਸਰਾ

ਵਿਸ਼ਾ : ਪੰਜਾਬੀ (ਕੰਪਲਸਰੀ)

**ਕੁਲ ਨੰਬਰ :100**
**(ਪੇਪਰ : 80 ਅਤੇ ਇੰਟਰਨਲ ਅਸੈਸਮੈਂਟ : 20)**
**ਸਮਾਂ: 3ਘੰਟੇ**

**ਸਲੇਬਸ ਦੀ ਰੂਪ ਰੇਖਾ**

| | |
|---|---|
| 1. **ਚੋਣਵਾਂ ਪੰਜਾਬੀ ਕਾਵਿ ਸੰਗ੍ਰਹਿ** | 30 ਨੰਬਰ |
| 2. **ਚੋਣਵਾਂ ਪੰਜਾਬੀ ਕਹਾਣੀ ਸੰਗ੍ਰਹਿ** | 30 ਨੰਬਰ |
| 3. **ਇਸ਼ਤਿਹਾਰ ਲੇਖਣ ਅਤੇ ਸੱਦਾ-ਪੱਤਰ ਲੇਖਣ** | 10 ਨੰਬਰ |
| 4. **ਨਿਬੰਧ ਅਤੇ ਪੈਰ੍ਹਾ ਰਚਨਾ** (ਮੌਜੂਦਾ ਮਸਲਿਆਂ ਨਾਲ ਸਬੰਧਤ) | 10 ਨੰਬਰ |

**ਸਲੇਬਸ ਵਿਚ ਲੱਗੀਆਂ ਪੁਸਤਕਾਂ**

1. **ਕਾਵਿ ਤਰੰਗਾਂ,** ਹਰਜੀਤ ਸਿੰਘ ਅਤੇ ਰਤਨ ਸਿੰਘ ਢਿੱਲੋਂ (ਸੰਪਾ.), ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ।
(ਕੇਵਲ ਇਹ ਕਵੀ ਹੀ ਪੜ੍ਹੇ ਜਾਣਗੇ : ਬੁਲ੍ਹੇ ਸ਼ਾਹ, ਮੁਕਬਲ, ਹਾਸ਼ਮ, ਨਜਾਬਤ, ਵਜੀਦ, ਵਾਰਿਸ ਸ਼ਾਹ, ਕਾਦਰ ਯਾਰ ਅਤੇ ਸ਼ਾਹ ਮੁਹੰਮਦ )

2. **ਕਥਾ ਯਾਤਰਾ,** ਗੁਰਦੇਵ ਸਿੰਘ ਅਤੇ ਹਰਸ਼ਰਨ ਕੌਰ (ਸੰਪਾ.), ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ।
(ਕੇਵਲ ਪਹਿਲੀਆਂ ਦੱਸ ਕਹਾਣੀਆਂ ਹੀ ਪੜ੍ਹਨੀਆਂ ਹਨ )

**ਜ਼ਰੂਰੀ ਨਿਰਦੇਸ਼ :**

1. **ਕਾਵਿ ਤਰੰਗਾਂ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ।਼ ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਕਵੀਆਂ ਦੇ ਜੀਵਨ, ਰਚਨਾ, ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਕਵਿਤਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 400-450 ਸ਼ਬਦਾਂ ਦੇ ਸਕੇ। ਇਹ ਸਵਾਲ 10 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਪ੍ਰਸੰਗ ਸਹਿਤ ਵਿਆਖਿਆ ਦਾ ਹੋਵੇਗਾ। ਚਾਰ ਪੈਰ੍ਹੇ ਪ੍ਰਸੰਗ ਸਹਿਤ ਵਿਆਖਿਆ ਲਈ ਦਿੱਤੇ ਜਾਣਗੇ ਅਤੇ ਵਿਦਿਆਰਥੀ ਨੇ ਇਨ੍ਹਾਂ ਵਿਚੋਂ ਕੋਈ ਦੋ ਕਰਨੇ ਹੋਣਗੇ। ਇਹ ਸਵਾਲ 20 (10+10) ਨੰਬਰ ਦਾ ਹੋਵੇਗਾ।

2. **ਕਥਾ-ਯਾਤਰਾ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਕਹਾਣੀਕਾਰਾਂ ਦੇ ਜੀਵਨ, ਰਚਨਾ, ਰਚਨਾ-ਦ੍ਰਿਸ਼ਟੀ ਅਤੇ ਪੰਜਾਬੀ ਕਹਾਣੀ ਪਰੰਪਰਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 300-350 ਸ਼ਬਦਾਂ ਵਿਚ ਦੇ ਸਕੇ। ਇਹ ਸਵਾਲ 10 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਸਲੇਬਸ ਵਿਚ ਲੱਗੀਆਂ ਕਹਾਣੀਆਂ ਦੇ ਵਿਸ਼ੇ- ਵਸਤੂ, ਸਾਰ, ਪਾਤਰ-

ਚਿੱਤਰਣ, ਸਾਹਿਤਕ ਮੁੱਲਾਂਕਣ ਜਾਂ ਅਜਿਹਾ ਸਵਾਲ ਪੁੱਛਿਆ ਜਾ ਸਕਦਾ ਹੈ ਜੋ ਸਲੇਬਸ ਵਿਚ ਲੱਗੀ ਕਹਾਣੀ ਦੇ ਮੁੱਲ ਨੂੰ ਪ੍ਰਗਟ ਕਰਦਾ ਹੋਵੇ। ਅੰਦਰੂਨੀ ਛੂਟ ਨਾਲ ਸਵਾਲ ਪੁੱਛਿਆ ਜਾਵੇਗਾ। ਇਹ ਸਵਾਲ 20 ਨੰਬਰ ਦਾ ਹੋਵੇਗਾ।

3. ਅਖਬਾਰ ਵਿਚ ਇਸ਼ਤਿਹਾਰ ਭੇਜਣ ਅਤੇ ਸੱਦਾ-ਪੱਤਰ ਲੇਖਣ ਵਿਚੋਂ ਦੋ ਵਿਸ਼ੇ ਪੁੱਛੇ ਜਾਣਗੇ। ਵਿਦਿਆਰਥੀ ਨੂੰ ਕੋਈ ਇਕ ਵਿਸ਼ੇ ਬਾਰੇ ਲਿਖਣਾ ਹੋਵੇਗਾ। ਇਹ ਸਵਾਲ ਕੁੱਲ 10 ਨੰਬਰ ਦਾ ਹੋਵੇਗਾ।

4. ਨਿਬੰਧ ਅਤੇ ਪੈਰ੍ਹਾ ਰਚਨਾ ਵਿਚੋਂ ਦੋ ਵਿਸ਼ੇ ਪੁੱਛੇ ਜਾਣਗੇ। ਵਿਦਿਆਰਥੀ ਨੂੰ ਕਿਸੇ ਇਕ ਵਿਸ਼ੇ ਬਾਰੇ ਲਿਖਣਾ ਹੋਵੇਗਾ। ਇਹ ਸਵਾਲ 10 ਨੰਬਰ ਦਾ ਹੋਵੇਗਾ।

----

# B.A Part-III
# ਬੀ. ਏ. ਭਾਗ ਤੀਸਰਾ

ਵਿਸ਼ਾ : ਪੰਜਾਬੀ (ਕੰਪਲਸਰੀ)

ਕੁਲ ਨੰਬਰ :100
(ਪੇਪਰ : 80 ਅਤੇ ਇੰਟਰਨਲ ਅਸੈਸਮੈਂਟ : 20)
ਸਮਾਂ: 3ਘੰਟੇ

**ਸਲੇਬਸ ਦੀ ਰੂਪ ਰੇਖਾ**

| | |
|---|---|
| 1. **ਚੋਣਵਾਂ ਪੰਜਾਬੀ ਕਾਵਿ ਸੰਗ੍ਰਹਿ** | 25 ਨੰਬਰ |
| 2. **ਚੋਣਵਾਂ ਪੰਜਾਬੀ ਗੱਦ ਸੰਗ੍ਰਹਿ** | 25 ਨੰਬਰ |
| 3. **ਸੰਪਾਦਕ ਨੂੰ ਪੱਤਰ** | 10 ਨੰਬਰ |
| 4. **ਅਣਡਿੱਠਾ ਪੈਰ੍ਹਾ** | 5 ਨੰਬਰ |
| 5. **ਸੰਖੇਪ ਰਚਨਾ** | 5 ਨੰਬਰ |
| 6. **ਦਿੱਤੇ ਪੈਰ੍ਹੇ ਵਿਚੋਂ ਲਿੰਗ ਵਚਨ ਬਦਲਣੇ, ਵਿਸਰਾਮ ਚਿੰਨ੍ਹ ਲਾਉਣੇ ਅਤੇ ਦਿੱਤੇ ਪੈਰ੍ਹੇ ਵਿਚੋਂ ਵਿਸ਼ੇਸ਼ਣ ਅਤੇ ਪੜਨਾਂਵ ਚੁਣਨਾ** | 10 ਨੰਬਰ |

**ਸਲੇਬਸ ਵਿਚ ਲੱਗੀਆਂ ਪੁਸਤਕਾਂ**

1. ਅਮਰਜੀਤ ਸਿੰਘ ਉਬਰਾਇ ਅਤੇ ਗੁਰਦਿਆਲ ਸਿੰਘ (ਸੰਪਾ.), **ਕਾਵਿ ਜੋਤਾਂ,** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।

(ਕੇਵਲ ਇਹ ਕਵੀ ਹੀ ਪੜ੍ਹੇ ਜਾਣਗੇ : ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦੁਰ, ਗੁਰੂ ਗੋਬਿੰਦ ਸਿੰਘ, ਭਾਈ ਗੁਰਦਾਸ, ਬਾਬਾ ਫ਼ਰੀਦ ਅਤੇ ਪੀਲੂ)

2. ਦਰਸ਼ਨ ਸਿੰਘ ਅਤੇ ਲਲਿਤ ਕੁਮਾਰ ਜੈਨ (ਸੰਪਾ.), **ਗੱਦ ਦਰਪਣ,** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ।

**(ਕੇਵਲ ਪਹਿਲੀਆਂ ਦੱਸ ਗੱਦ ਰਚਨਾਵਾਂ ਹੀ ਪੜ੍ਹਣੀਆਂ ਹਨ )**

**ਜ਼ਰੂਰੀ ਨਿਰਦੇਸ਼ :**

1. **ਕਾਵਿ ਜੋਤਾਂ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਕਵੀਆਂ ਦੇ ਜੀਵਨ, ਰਚਨਾ, ਰਚਨਾ-ਦ੍ਰਿਸ਼ਟੀ ਅਤੇ ਪੰਜਾਬੀ ਕਵਿਤਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 250-300 ਸ਼ਬਦਾਂ ਵਿਚ ਦੇ ਸਕੇ। ਇਹ ਸਵਾਲ 5 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਪ੍ਰਸੰਗ ਸਹਿਤ ਵਿਆਖਿਆ ਦਾ ਹੋਵੇਗਾ। ਚਾਰ ਪੈਰ੍ਹੇ ਪ੍ਰਸੰਗ ਸਹਿਤ ਵਿਆਖਿਆ ਲਈ

ਦਿੱਤੇ ਜਾਣਗੇ ਅਤੇ ਵਿਦਿਆਰਥੀ ਨੇ ਇਨ੍ਹਾਂ ਵਿਚੋਂ ਕੋਈ ਦੋ ਕਰਨੇ ਹੋਣਗੇ। ਇਹ ਸਵਾਲ 20 (10+10) ਨੰਬਰ ਦਾ ਹੋਵੇਗਾ।

2. **ਗੱਦ ਦਰਪਣ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਗੱਦਕਾਰਾਂ ਦੇ ਜੀਵਨ, ਰਚਨਾ, ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਕਹਾਣੀ ਪਰੰਪਰਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 250-300 ਸ਼ਬਦਾਂ ਵਿਚ ਦੇ ਸਕੇ। ਇਹ ਸਵਾਲ 5 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਸਲੇਬਸ ਵਿਚ ਲੱਗੀਆਂ ਗੱਦ ਰਚਨਾਵਾਂ ਦੇ ਵਿਸ਼ੇ-ਵਸਤੂ, ਸਾਰ, ਸਾਹਿਤਕ ਮੁੱਲਾਂਕਣ ਜਾਂ ਅਜਿਹਾ ਸਵਾਲ ਪੁੱਛਿਆ ਜਾ ਸਕਦਾ ਹੈ ਜੋ ਸਲੇਬਸ ਵਿਚ ਲੱਗੀ ਗੱਦ ਰਚਨਾ ਦੇ ਮੁੱਲ ਨੂੰ ਪ੍ਰਗਟ ਕਰਦਾ ਹੋਵੇ। ਅੰਦਰੂਨੀ ਛੂਟ ਨਾਲ ਸਵਾਲ ਪੁੱਛਿਆ ਜਾਵੇਗਾ। ਇਹ ਸਵਾਲ 20 ਨੰਬਰ ਦਾ ਹੋਵੇਗਾ।

3. ਸੰਪਾਦਕ ਨੂੰ ਚਿੱਠੀ ਲਿਖਣ ਲਈ ਦੋ ਵਿਸ਼ੇ ਦਿੱਤੇ ਜਾਣਗੇ ਅਤੇ ਵਿਦਿਆਰਥੀ ਨੇ ਇਸ ਵਿਚੋਂ ਇਕ ਲਿਖਣਾ ਹੋਵੇਗਾ। ਇਹ ਪ੍ਰਸ਼ਨ 10 ਨੰਬਰ ਦਾ ਹੈ।

4. ਇਕ ਅਣਡਿੱਠਾ ਪੈਰ੍ਹਾ ਸਵਾਲਾਂ ਸਮੇਤ ਦਿੱਤਾ ਜਾਵੇਗਾ ਅਤੇ ਉਸ ਵਿਚ ਦਿੱਤੇ ਸਵਾਲਾਂ ਦੇ ਬਣਦੇ ਜਵਾਬ ਵਿਦਿਆਰਥੀ ਨੇ ਖੁਦ ਲਿਖਣੇ ਹੋਣਗੇ। ਇਹ ਸਵਾਲ 5 ਨੰਬਰ ਦਾ ਹੈ।

5. ਇਕ ਅਜਿਹਾ ਪੈਰ੍ਹਾ ਦਿੱਤਾ ਗਿਆ ਹੋਵੇਗਾ ਜਿਸਨੂੰ ਪੜ੍ਹ ਕੇ ਉਸ ਵਿਚ ਮਿਲਦੇ ਲਿੰਗ ਅਤੇ ਵਚਨ ਬਦਲਣੇ ਹੋਣਗੇ। ਇਹ ਸਵਾਲ 5 ਨੰਬਰ ਦਾ ਹੈ।

6. ਦਿੱਤੇ ਪੈਰ੍ਹੇ ਵਿਚੋਂ ਵਿਸ਼ੇਸ਼ਣ ਅਤੇ ਪੜਨਾਂਵ ਚੁਣਨਾ, ਵਿਸਰਾਮ ਚਿੰਨ੍ਹ ਲਾਉਣੇ ਅਤੇ ਦਿੱਤੇ ਪੈਰ੍ਹੇ ਦੇ ਲਿੰਗ ਵਚਨ ਬਦਲਣੇ ਹੋਣਗੇ। ਇਨ੍ਹਾਂ ਨਾਲ ਸੰਬੰਧਿਤ ਪ੍ਰਸ਼ਨਾਂ ਦੇ 10 ਨੰਬਰ ਹੋਣਗੇ।